# KAHANI SANGRHI 'DELIVERY MAN': VICHARDHARAK ADHIYAIN

# ਕਹਾਣੀ ਸੰਗ੍ਰਹਿ 'ਡਲਿਵਰੀ ਮੈਨ': ਵਿਚਾਰਧਾਰਕ ਅਧਿਐਨ

**ਡਾ. ਬਲਵੀਰ ਕੌਰ ਰੀਹਲ** (Dr. Balvir Kaur Rehal)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ**

**ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ, ਹੁਸ਼ਿਆਰਪੁਰ (ਪੰਜਾਬ)**

Email ID: balvirkaurrehal@gmail.com ਮੋਬਾਈਲ: +91-94643-30803

**ਸਾਰ (Abstract)**

*'ਡਲਿਵਰੀ ਮੈਨ' ਕਹਾਣੀ ਸੰਗ੍ਰਹਿ ਦਲਿਤ ਚੇਤਨਾ ਨੂੰ ਪ੍ਰਮੁੱਖ ਸਥਾਨ ਦੇਣ ਵਾਲੇ ਕਹਾਣੀਕਾਰ ਭਗਵੰਤ ਰਸੂਲਪੁਰੀ ਦਾ ਲਿਖਿਆ ਹੋਇਆ ਹੈ। ਸਮਕਾਲੀ ਵਰਤਾਰੇ ਬਹੁਤ ਤੇਜੀ ਨਾਲ ਬਦਲ ਰਹੇ ਹਨ। ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਅੱਠਾਂ ਕਹਾਣੀਆਂ ਦੇ ਪਾਤਰ ਅਜੋਕੇ ਸਮਾਜਕ ਵਰਤਾਰੇ ਦੀ ਪ੍ਰਤੀਨਿਧਤਾ ਕਰ ਰਹੇ ਹਨ। ਪੂਰਾ ਵਿਸ਼ਵ ਇਕ ਪਿੰਡ ਬਣ ਰਿਹਾ ਹੈ। ਸੰਚਾਰ ਦੇ ਸਾਧਨਾਂ ਦੀ ਪਹੁੰਚ ਨੇ ਮਨੁੱਖੀ ਜੀਵਨ ਨੂੰ ਜੋ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਪਾਤਰਾਂ ਦੀ ਮਨੋਚੇਤਨਾ ਨੂੰ ਪ੍ਰਭਾਵਿਤ ਕੀਤਾ। ਇਸ ਖੋਜ ਪੱਤਰ ਦਾ ਮੁੱਖ ਮੰਤਵ ਬਦਲ ਰਹੇ ਵਰਤਾਰਿਆਂ ਨਾਲ ਪ੍ਰਭਾਵਿਤ ਪਾਤਰਾਂ ਦੀ ਚੇਤਨਾ ਅਵਚੇਤਨਾ ਨੂੰ ਪੇਸ਼ ਕਰਨਾ ਹੈ। ਅੱਜ ਸਭ ਕੁੱਝ ਹੋਣ ਦੇ ਬਾਵਜੂਦ ਵੀ ਮਨੁੱਖ ਨਿਰਾਸ਼, ਉਦਾਸ ਤੇ ਇੱਕਲਤਾ ਦਾ ਸ਼ਿਕਾਰ ਹੈ। ਟੁੱਟ-ਭੱਜ ਰਹੇ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨਾ ਇਸ ਖੋਜ ਪੱਤਰ ਦਾ ਮਨੋਰਥ ਹੈ। ਮਨੁੱਖ ਅੰਦਰੋਂ ਮਨੁੱਖਤਾ ਖਤਮ ਹੋ ਰਹੀ ਹੈ।*

***ਕੀਵਰਡ (Keyword): ਭਗਵੰਤ ਰਸੂਲਪੁਰੀ, 'ਡਲਿਵਰੀ ਮੈਨ', ਆਰਟੀਫੀਸ਼ੀਅਲ ਇੰਟੈਲੀਜੈਂਸੀ, ਅਨਿਆਂ, ਰਿਸ਼ਤਿਆਂ ਦੇ ਬਦਲ ਰਹੇ ਸਮੀਕਰਨ, ਹਾਸ਼ੀਏ 'ਤੇ ਨਿਮਨ, ਔਰਤ ਮਾਨਸਿਕਤਾ, ਮਲਟੀਮੀਡੀਏ ਦੇ ਪ੍ਰਭਾਵ।***

'ਡਲਿਵਰੀ ਮੈਨ' ਭਗਵੰਤ ਰਸੂਲਪੁਰੀ ਦੁਆਰਾ ਲਿਖਿਆ ਗਿਆ ਕਥਾ ਸੰਗ੍ਰਹਿ ਹੈ। ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਸਾਹਿਤ ਦਾ ਅਜਿਹਾ ਹਸਤਾਖ਼ਰ ਹੈ, ਜਿਸ ਨੇ ਦਲਿਤ, ਦਮਿਤ ਤੇ ਹਾਸ਼ੀਏ 'ਤੇ ਵਿਚਰਦੇ ਪਾਤਰਾਂ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਸਥਾਨ ਦਿੱਤਾ ਹੈ। ਹਾਸ਼ੀਏ ਤੋਂ ਹੇਠਾਂ ਰਹਿ ਰਹੇ ਪਾਤਰਾਂ ਨਾਲ ਸਦੀਆਂ ਤੋਂ ਧੱਕਾ ਹੁੰਦਾ ਆ ਰਿਹਾ ਹੈ। ਭਗਵੰਤ ਰਸੂਲਪੁਰੀ ਦਾ ਇਹ ਸੱਤਵਾਂ ਕਥਾ ਸੰਗ੍ਰਹਿ ਹੈ। ਕੁੱਝ ਕਹਾਣੀਆਂ ਪੜ੍ਹ ਕੇ ਲੱਗਦਾ ਸੀ ਉਹ ਦਲਿਤ ਚੇਤਨਾ ਦੀ ਗੱਲ ਨਹੀਂ ਕਰ ਰਿਹਾ। ਪਰ ਇਨਾਂ ਕਹਾਣੀਆਂ ਵਿਚ ਵੀ ਉਸ ਦੀ ਵਿਚਾਰਧਾਰਾ ਪ੍ਰਗਟ ਹੋ ਰਹੀ ਹੈ। 'ਡਲਿਵਰੀ ਮੈਨ' ਕਹਾਣੀ ਸੰਗ੍ਰਹਿ ਵਿਚ ਆਧੁਨਿਕਤਾ ਦੀ ਚਕਾਚੌਂਧ ਵਿਚ ਗੁਆਚੇ ਮਨੁੱਖਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਖੋਜ ਪਰਚੇ ਰਾਹੀਂ ਸਧਾਰਨ ਪਾਤਰਾਂ ਦੀ ਅਸਧਾਰਨਤਾ ਨੂੰ ਪਛਾਨਣ ਦਾ ਯਤਨ ਕੀਤਾ ਜਾਵੇਗਾ।

'ਡਲਿਵਰੀ ਮੈਨ' ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ, ਇਸ ਕਹਾਣੀ ਦੀ ਪਾਤਰ ਗੀਤਾ ਪੜ੍ਹੀ-ਲਿਖੀ ਤੇ ਨੌਕਰੀ ਪੇਸ਼ਾ ਔਰਤ ਹੈ ਜੋ ਮਹਾਂਨਗਰ ਵਿਚ ਰਹਿ ਰਹੀ ਹੈ, ਉਹ ਆਰਥਿਕ ਪੱਖੋਂ ਮਜ਼ਬੂਤ ਹੈ, ਗੀਤਾ ਦਾ ਵਿਆਹੁਤਾ ਜੀਵਨ, ਵਿਆਹ ਦੇ ਦੂਜੇ ਦਿਨ ਹੀ ਅਸਫ਼ਲ ਹੋ ਜਾਂਦਾ ਹੈ। ਕਹਾਣੀ ਦੀ ਪਾਤਰ ਮਰਦਾਂ ਨਾਲ ਨਫ਼ਰਤ ਕਰਦੀ ਹੈ, ਨਫ਼ਰਤ ਦੇ ਉੱਪਜਣ ਦਾ ਕਾਰਣ ਜਿਸ ਵਖਤ ਉਹ ਨੌਂਵੀ ਕਲਾਸ ਵਿਚ ਪੜ੍ਹਦੀ ਸੀ ਉਸ ਸਮੇਂ ਉਸ ਦੇ ਸਕੇ ਮਾਮੇ ਦੇ ਮੁੰਡੇ ਵਲੋਂ ਉਸ ਦਾ ਬਲਾਤਕਾਰ ਕੀਤਾ ਜਾਂਦਾ ਹੈ।

> *"ਅਲੈਕਸਾ ਤੈਨੂੰ ਪਤਾ ਏ ....... ਇਕ ਵਾਰ ਜਦੋਂ ਮੈਂ ਪਲੱਸ ਟੂ ਦੇ ਪੇਪਰ ਪਾ ਕੇ ਨਾਨਕੇ ਘਰ ਗਈ ਸਾਂ ਤਾਂ ਮੇਰਾ ਰੇਪ ਹੋ ਗਿਆ ਸੀ ...... ਪਤੈ ਕਿਹਨੇ ਕੀਤਾ ....... ਮਾਮੇ ਦੇ ਮੁੰਡੇ ਨੇ ........ ਮੇਰੇ ਭਰਾ ਨੇ ....... ਜਦੋਂ ਮੈਂ ਚੀਕੀ ਸਾਂ ਤਾਂ ਮੈਨੂੰ ਅੰਦਰ ਵਾੜ ਕੇ ਮੇਰੇ ਮਾਂ ...... ਪਿਓ ...... ਮਾਮੇ ਮਾਮੀਆਂ ਨੇ ਇਕੋ ਬੋਲੀ ਵਿਚ ਕਿਹਾ ਸੀ ....... ਜੇ ਇਹ ਗੱਲ ਦੁਬਾਰਾ ਮੂੰਹੋ ਕੱਢੀ ਤਾਂ ਘਰ ਖੂਹ ਪੁੱਟ ਕੇ ਦੱਬ ਦੇਣਾ।"[1]*

ਅੱਜ ਦੀ ਭੱਜ ਨੱਠ ਭਰੀ ਜ਼ਿੰਦਗੀ ਵਿਚ ਲੋਕ ਇੱਕਲਤਾ ਭਰਿਆ ਜੀਵਨ ਬਤੀਤ ਕਰ ਰਹੇ ਹਨ, ਇਸ ਕਹਾਣੀ ਬਾਰੇ ਕੁਲਦੀਪ ਸਿੰਘ ਬੇਦੀ ਲਿਖਦੇ ਹਨ, *"ਇਸ ਕਹਾਣੀ ਵਿਚ ਜਿੰਨੇ ਵੀ ਪਾਤਰ ਹਨ, ਉਹ ਆਪੋ ਆਪਣੀ ਸਥਿਤੀ 'ਚ ਜੂਝ ਰਹੇ ਹਨ। ਡਾ. ਗੀਤਾ ਇੱਕਲੀ ਰਹਿੰਦੀ ਹੈ ਪਰ ਗੱਲਬਾਤ ਕਰਨ ਲਈ ਅਲੈਕਸਾ ਦਾ ਸਹਾਰਾ ਲੈਂਦੀ ਹੈ। ਅਲੈਕਸਾ ਨੂੰ ਅਸੀਂ ਮੌਜੂਦਾ ਸਮਾਜ ਦਾ*

*ਇਕ ਬਨਾਉਟੀ ਇਨਸਾਨ ਸਮਝ ਲੈਂਦੇ ਹਨ ਤੇ ਫਿਰ ਜਦੋਂ ਉਹ ਹਰ ਵੇਲੇ ਇਕੋ ਜਿਹੇ ਉੱਤਰ ਦਿੰਦੀ ਹੈ ਤਾਂ ਬੰਦਾ ਅੱਕ ਜਾਂਦਾ ਹੈ। ਮਿਸਿਜ਼ ਭੱਲਾ ਆਪਣੀ ਇੱਕਲਤਾ ਨੂੰ ਸ਼ਰਾਬ ਰਾਹੀਂ ਤੋੜਦੀ ਹੈ ਤੇ ਗੀਤਾ ਵੀ ਉਸ ਦੀ ਰੀਸ ਕਰਦੀ ਹੈ। ਕੇਵਲ ਕ੍ਰਿਸ਼ਨ ਇਕ ਅਜਿਹਾ ਡਲਿਵਰੀ ਮੈਨ ਜੋ ਇਨ੍ਹਾਂ ਇੱਕਲੀਆਂ ਰਹਿ ਰਹੀਆਂ ਔਰਤਾਂ ਦੇ ਜ਼ਖ਼ਮ ਨੂੰ ਪਛਾਣਦਾ ਹੈ ਤੇ ਆਪਣੇ ਵਿੱਤ ਅਨੁਸਾਰ ਡਲਿਵਰੀ ਕਰਦਾ ਹੈ। ਉਹ ਇਕ ਸੰਘਰਸ਼ਸ਼ੀਲ ਪਾਤਰ ਹੈ ਜੋ ਹਰ ਤਰ੍ਹਾਂ ਦੀ ਡਲਿਵਰੀ ਨੂੰ ਆਪਣੀ ਕਮਾਈ ਦਾ ਆਧਾਰ ਬਣਾਉਂਦਾ ਹੈ।"*[2]

ਕਹਾਣੀ ਦੇ ਪਾਤਰ ਇੱਕਲਤਾ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ, ਵੱਡੇ-ਵੱਡੇ ਸ਼ਾਪਿੰਗ ਮਾਲਾਂ ਵਿਚੋਂ ਖਰੀਦਦਾਰੀ ਕਰਕੇ ਖੁਦ ਵੀ ਇਕ ਮੰਡੀ ਦਾ ਮਾਲ ਬਣ ਚੁੱਕੇ ਹਨ। ਕੇਵਲ ਕ੍ਰਿਸ਼ਨ ਇੱਕਲਾ ਸਮਾਨ ਹੀ ਸਪਲਾਈ ਨਹੀਂ ਕਰਦਾ, ਉਹ ਆਪਣਾ ਜਿਸਮ ਵੀ ਔਰਤਾਂ ਵਾਂਗ ਵੇਚਦਾ ਹੈ, ਇਹ ਉਹਦਾ ਕੰਮ ਹੈ,"

*"ਮੈਂ ਤਾਂ ਡਲਿਵਰੀ ਦੇਣ ਚੱਲ ..... ਲਾ ......"*

*"ਐਸ ਵੇਲੇ ਕਾਹਦੀ ਡਲਿਵਰੀ ਕਰੀ ਜਾਂਦੈਂ?"*

*"ਆਪਣੇ ਸਰੀਰ ਦੀ ...... ਹੋਰ ਕਾਹਦੀ।"*[3]

ਵੱਡੇ ਸ਼ਹਿਰਾਂ ਵਿਚ ਨੌਕਰੀ ਭਾਲਣ ਗਏ ਕੇਵਲ ਕ੍ਰਿਸ਼ਨ ਵਰਗੇ ਪਾਤਰ ਮਰਦ ਵੇਸਵਾ ਬਣ ਕੇ ਰਹਿ ਜਾਂਦੇ ਹਨ। *"ਆਪਣੇ ਬਚਪਨ ਤੇ ਚੜ੍ਹਦੀ ਜੁਆਨੀ ਸਮੇਂ ਭੋਗੀਆਂ ਤੰਗੀਆਂ ਤੁਰਸ਼ੀਆਂ ਕਾਰਨ ਡਲਿਵਰੀ ਮੈਨ ਕੇਵਲ ਕ੍ਰਿਸ਼ਨ ਪੈਸੇ ਨੂੰ ਏਨੀ ਅਹਿਮੀਅਤ ਦੇਣ ਲੱਗਦਾ ਹੈ ਉਸਨੂੰ ਪਤਾ ਹੀ ਨਹੀਂ ਚੱਲਦਾ ਕਿ ਉਹ ਕਿਵੇਂ ਮਨੁੱਖ ਤੋਂ ਸਿਰਫ਼ ਪੈਸੇ ਛਾਪਣ ਵਾਲੀ ਮਸ਼ੀਨ ਬਣਦਾ ਜਾ ਰਿਹਾ ਹੈ।"*[4]

ਕਹਾਣੀ ਦੀ ਮੁੱਖ ਪਾਤਰ ਗੀਤਾ ਚਾਲੀ ਸਾਲਾਂ ਤੋਂ ਪਾਰ ਇਕਲਾਪਾ ਹੰਢਾਉਣ ਲਈ ਅਲੈਕਸਾ ਨਾਂ ਦੇ ਰਿਬੋਟ ਨੂੰ ਆਪਣੇ ਕੋਲ ਰੱਖਦੀ ਹੈ। ਕਹਾਣੀ ਦੇ ਪਾਤਰ ਸਮਝਦੇ ਹਨ ਕਿ ਉਹ ਪੈਸੇ ਨਾਲ ਆਪਣੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰ ਲੈਣਗੇ। ਇਹ ਮਨਸੂਈ ਚੀਜਾਂ ਕੰਮ ਤਾਂ ਕਰ ਸਕਦੀਆਂ ਹਨ ਪਰ ਮਾਨਸਿਕ ਸੰਤੁਸ਼ਟੀ ਨਹੀਂ ਦੇ ਸਕਦੀਆਂ ਇਕ ਦਿਨ ਕੇਵਲ ਕ੍ਰਿਸ਼ਨ ਗੀਤਾ ਨੂੰ ਕਹਿਣ ਲੱਗਾ,

*"ਵੇਖੋ ਨਾ ਮੈਡਮ ਜੀ! ਤੁਸੀਂ ਗੁੱਸਾ ਨਾ ਕਰਿਓ ..... ਮੈਨੂੰ ਲੱਗਦਾ ਏ ਕਿ ਤੁਹਾਡੇ ਕੋਲ ਕੋਈ ਟੁਆਏ ਬਗੈਰਾ ਵੀ ਏ।"*[5]

ਗੀਤਾ ਡਿਪਰੈਸ਼ਨ ਦਾ ਸ਼ਿਕਾਰ ਹੈ, ਸ਼ਰਾਬ ਪੀਂਦੀ ਹੈ, ਅਲੈਕਸਾ ਟੁਆਏ ਨਾਲ ਆਪਣਾ ਮਨ ਪਰਚਾ ਰਹੀ ਹੈ ਤੇ ਕੇਵਲ ਕ੍ਰਿਸ਼ਨ ਨੇ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਆਪਣਾ ਸਰੀਰ ਵੇਚਣਾ ਆਪਣਾ ਧੰਦਾ ਬਣਾ ਲਿਆ ਹੈ।

*"ਵੇਖੋ ਨਾ ਮੈਡਮ ਜੀ ..... ਮੇਰੇ ਵਰਗਾ ਬੰਦਾ ਥਾਂ-ਥਾਂ ਦੀ ਖਾਕ ਛਾਣਦਾ ਫਿਰਦਾ ਏ। ਡਲਿਵਰੀ ਮੈਨ ਜੋ ਹੁੰਦਾ ਏ, ਉਹਦਾ ਕੰਮ ਟਰਮ ਐਂਡ ਕੰਡੀਸ਼ਨ ਅਧੀਨ ਡਲਿਵਰੀ ਦੇਣੀ ਹੁੰਦਾ ਏ ...... ਇਹ ਉਹਦਾ ਧੰਦਾ ਏ।*

*ਮੈਂ ਕਿਹਾ ਨਾ ਆਤਮਾ ਪਵਿੱਤਰ ਰੱਖੋ ...... ਇਹ ਸਰੀਰ ਤਾਂ ਮਿੱਟੀ ਹੋ ਜਾਣਾ ... ਅੱਜ ਜੋ ਚਮਕ ਏ ਗਲੋਅ ਏ ......... ਭਲਕ ਨੂੰ ਇਹ ਵੀ ਨੀ ਰਹਿਣੀ .......।"*[6]

ਵੇਖਣ ਨੂੰ ਤਾਂ ਲੱਗਦਾ ਹੈ ਇਹ ਕਹਾਣੀ ਗੀਤਾ ਦੇ ਇਕਲਾਪੇ ਦੀ ਗੱਲ ਕਰਦੀ ਹੈ, ਪਰ ਇਹ ਕਹਾਣੀ ਮਰਦ ਵੇਸਵਾ ਬਣੇ ਕੇਵਲ ਕ੍ਰਿਸ਼ਨ ਦੀ ਕਹਾਣੀ ਹੈ। ਕੇਵਲ ਕ੍ਰਿਸ਼ਨ ਆਪਣੇ ਮਰੇ ਪਿਓ ਕੋਲ ਜਾਣ ਦੀ ਬਜਾਏ ਸਰੀਰ ਦੀ ਡਲਿਵਰੀ ਦੇਣ ਚਲਿਆ ਜਾਂਦਾ ਹੈ।

'ਰਵੀ ਡਿਫੈਂਡਰ' ਕਹਾਣੀ ਦੇਸ਼ ਦੇ ਖੇਡ ਸਿਸਟਮ ਵਿਚ ਰਾਜਨੀਤੀ ਦੇ ਭਾਰੂ ਹੋਣ ਦੀ ਕਹਾਣੀ ਹੈ। ਡਾ. ਗੁਰਮੇਲ ਸਿੰਘ ਲਿਖਦਾ ਹੈ,

*"ਅਛੂਤਾ ਬਿਰਤਾਂਤ ਸਿਰਜਣ ਵਾਲੀ ਕਹਾਣੀ 'ਰਵੀ ਡਿਫੈਂਡਰ' ਹੈ। ਇਹ ਕਹਾਣੀ ਅਜੋਕੇ ਭ੍ਰਿਸ਼ਟ ਤੰਤਰ ਦੀ ਮਿੱਠਭੂਮੀ ਵਿਚੋਂ ਉਗਦੀ ਹੈ ਜਿਸ ਵਿਚ ਪ੍ਰਤਿਭਾ ਦਾ ਘਾਣ ਹੁੰਦਾ ਹੈ ਤੇ ਭਾਈ ਭਤੀਜਾਵਾਦ ਦੀ ਜਿੱਤ ਹੁੰਦੀ ਹੈ।"*[7]

ਕਹਾਣੀ ਦਾ ਪਾਤਰ ਰਵੀ ਕੋਚ ਦੀ ਗੱਲ ਨਾ ਮੰਨ ਕੇ ਇੰਡੀਆ ਟੀਮ ਨੂੰ ਜਿਤਾ ਦਿੰਦਾ ਹੈ, ਪਰ ਉਸ ਦੀ ਖੇਡਦਿਆਂ ਲੱਤ ਟੁੱਟ ਜਾਂਦੀ ਹੈ। ਸਿਸਟਮ ਦੀ ਵਜ੍ਹਾ ਨਾਲ ਨਕਾਰਾ ਹੋਇਆ ਰਵੀ ਸਾਰੀ ਉਮਰ ਰੋਟੀ ਲਈ ਦਰ ਦਰ ਦੀਆਂ ਠੋਕਰਾਂ ਖਾਂਦਾ ਹੈ। ਫਿਰ ਉਹ ਆਪਣੇ ਬੇਟੇ ਆਰੀਅਨ ਨੂੰ ਖੇਡਣ ਲਈ ਤਿਆਰ ਕਰਦਾ ਹੈ ਪਰ ਭ੍ਰਿਸ਼ਟ ਸਿਸਟਮ ਦੀ ਵਜ੍ਹਾ ਨਾਲ ਉਸ ਦੀ ਵੀ ਟੀਮ ਵਿਚ ਚੋਣ ਨਹੀਂ ਹੁੰਦੀ,

*"ਜਦੋਂ ਤੱਕ ਤੁਹਾਡੇ ਵਰਗੇ ਸੱਪ ਖੇਡ ਅਦਾਰਿਆਂ 'ਚ ਬੈਠੇ ਆ ਉਦੋਂ ਤੱਕ ਕੋਈ ਖਿਡਾਰੀ ਨੀ ਜੰਮਣਾ ...।"*[8]

ਦੇਸ਼ ਵਿਚ ਖਿਡਾਰੀਆਂ ਦੀ ਕਦਰ ਨਹੀਂ ਸਗੋਂ ਸਿਫ਼ਾਰਿਸ਼ਾਂ ਨਾਲ ਗਲਤ

ਖਿਡਾਰੀਆਂ ਦੀ ਚੋਣ ਕੀਤੀ ਜਾਂਦੀ ਹੈ। ਇਸ ਕਹਾਣੀ ਦੀ ਰੌਚਕ ਕਥਾ ਸ਼ੈਲੀ ਪਾਠਕ ਨੂੰ ਆਪਣੇ ਨਾਲ ਤੋਰ ਕੇ ਖੇਡ ਦੇ ਮੈਦਨ ਵਿਚ ਲੈ ਜਾਂਦੀ ਹੈ। ਲੇਖਕ ਫੁੱਟਬਾਲ ਖੇਡ ਦੀਆਂ ਬਾਰੀਕੀਆਂ ਵੀ ਪਾਠਕਾਂ ਨਾਲ ਸਾਂਝੀਆਂ ਕਰਦਾ ਹੈ।

'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ' ਜਾਤੀ-ਪਾਤੀ ਵਿਤਕਰਿਆਂ ਦੇ ਮਨੋਵਿਗਿਆਨ ਨੂੰ ਪੇਸ਼ ਕਰਦੀ ਕਹਾਣੀ ਹੈ। ਪੂਜਾ ਹਿੰਦੂ ਸਮਾਜ ਦੀ ਭਾਵ ਉੱਚ ਵਰਗ ਦੀ ਪ੍ਰਤੀਨਿਧਤਾ ਕਰ ਰਹੀ ਹੈ ਤੇ ਨਰਿੰਦਰ ਨਾਗ ਦਲਿਤ ਵਰਗ, ਦੱਬੇ ਕੁਚਲੇ ਵਰਗ ਦੇ ਲੋਕਾਂ ਪ੍ਰਤੀ ਵਿਚਾਰਕ ਪੱਖੋਂ ਪ੍ਰਤੀਬੱਧ ਹੈ। ਇਸ ਕਹਾਣੀ ਵਿਚ ਭਾਰਤ ਵਿਚ ਸਦੀਆਂ ਤੋਂ ਦਲਿਤ ਵਰਗ ਨਾਲ ਹੁੰਦੇ ਵਿਤਕਰਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਪੂਜਾ ਆਰਟ ਪ੍ਰਾਧਿਆਪਕ ਹੈ ਉਹ ਆਪਣੀਆਂ ਪੇਟਿੰਗਾਂ ਰਾਹੀਂ ਹਿੰਦੂ ਮਿਥਿਹਾਸ ਨੂੰ ਚਿੱਤਰਦੀ ਹੈ ਤੇ ਦੂਜੇ ਪਾਸੇ ਪ੍ਰੋਫੈਸਰ ਨਰਿੰਦਰ ਨਾਗ ਆਪਣੇ ਗੂੜੇ ਰੰਗਾਂ ਦੀ ਚੋਣ ਨਾਲ ਦਲਿਤਾਂ ਨਾਲ ਹੋ ਰਹੇ ਸਦੀਆਂ ਦੇ ਵਿਤਕਰਿਆਂ ਦਾ ਪ੍ਰਗਟਾਵਾ ਕਰਦਾ ਹੈ। ਲੇਖਕ ਨੇ ਕਹਾਣੀ ਰਾਹੀਂ ਮਿਲਦੇ ਮਾਨਾਂ-ਸਨਮਾਨਾਂ ਦੀ ਕਾਣੀ ਵੰਡ ਦੀ ਗੱਲ ਕੀਤੀ ਹੈ।

> *"ਮੈਂ ਪੈਸੇ ਲਈ, ਇਨਾਮਾਂ ਲਈ, ਅਹੁਦੇ ਲਈ ਆਰਟ ਦਾ ਕੰਮ ਨਹੀਂ ਕਰਦਾ, ਜਿਵੇਂ-ਜਿਵੇਂ ਕੋਈ ਕਲਾਕਾਰ ਇਹ ਅਹੁਦੇ .. ਕੁਰਸੀਆਂ ..... ਇਨਾਮਾਂ ਤੇ ਕਲਾ ਦੇ ਅਦਾਰਿਆਂ 'ਚ ਖਪਤ ਹੁੰਦਾ ਜਾਂਦਾ ਏ ਤਾਂ ਦਿਨੋ-ਦਿਨ ਉਹ ਛੋਟਾ ਹੁੰਦਾ ਜਾਂਦਾ ਏ ...... ਆਰਟ ਤੋਂ ਦੂਰ ਹੁੰਦਾ ਜਾਂਦਾ ਏ ..........।"*[9]

ਪੂਜਾ ਤੇ ਨਰਿੰਦਰ ਨਾਗ ਦੀ ਜ਼ਿੰਦਗੀ ਵਿਚ ਕਿਰਨ ਆ ਜਾਂਦੀ ਹੈ, ਲੇਖਕ ਨੇ ਕਿਰਨ ਦੀ ਐਂਟਰੀ ਕਰਵਾ ਕੇ ਸਟੇਟ ਅਤੇ ਸੱਤਾ ਨੂੰ ਨਿਸ਼ਾਨਾ ਬਣਾਇਆ ਹੈ ਕਿ ਕਿਵੇਂ ਕਬੀਲਿਆਂ ਦੀਆਂ ਜ਼ਮੀਨਾਂ ਸਰਕਾਰਾਂ ਹੜੱਪ ਕਰ ਰਹੀਆਂ ਹਨ। ਇਸ ਕਹਾਣੀ ਰਾਹੀਂ ਲੇਖਕ ਨੇ ਧਾਰਮਿਕ ਅਤੇ ਜਾਤੀ-ਪਾਤੀ ਵਿਤਕਰਿਆਂ ਉੱਤੇ ਕਟਾਖ਼ਸ਼ ਕੀਤਾ ਹੈ।

'ਪਰਛਾਵਿਆਂ ਦੇ ਆਰ-ਪਾਰ' ਕਹਾਣੀ ਦੀ 'ਮੈਂ' ਪਾਤਰ ਸੁਮਨ ਨਾਲ ਬਚਪਨ ਵਿਚ ਧੱਕਾ ਹੋ ਜਾਂਦਾ ਹੈ ਜਦੋਂ ਉਸ ਦੀ ਮਾਂ ਆਪਣੇ ਦੂਜੇ ਪਤੀ ਦੇ ਘਰ ਵਿਆਹ ਕਰਵਾ ਕੇ ਬੈਠ ਗਈ। 'ਮੈਂ' ਪਾਤਰ ਦੀਆਂ ਸੱਧਰਾਂ ਦਾ ਘਾਣ ਹੋ ਜਾਂਦਾ ਹੈ, ਉਸ ਅੰਦਰ ਲਿਖਣ ਦੀ ਪ੍ਰਤਿਭਾ ਹੈ ਪਰ ਅਣਜੋੜ ਰਾਜ ਮਿਸਤਰੀ ਦਾ ਕੰਮ ਕਰਦੇ ਗਿੰਦੀ ਨਾਲ ਉਸ ਦਾ ਵਿਆਹ ਹੋ ਜਾਂਦਾ ਹੈ। 'ਮੈਂ' ਪਾਤਰ ਦਾ ਛੜਾ ਜੇਠ ਵੀ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਹੈ, ਸੁਮਨ ਦਾ ਗੀਤ ਲਿਖਣਾ ਉਸ ਦੇ ਪਤੀ ਨੂੰ ਪਸੰਦ ਨਹੀਂ। ਅਮਨ ਨਿਮਾਣੇ ਦੇ ਸਹਿਯੋਗ ਨਾਲ 'ਮੈਂ' ਪਾਤਰ ਗੀਤ ਲਿਖਣੇ ਆਰੰਭ ਕਰਦੀ ਹੈ। 'ਮੈਂ' ਪਾਤਰ ਉੱਪਰਲੀ ਮੰਜ਼ਿਲ ਪਹੁੰਚਣ ਲਈ ਜੀਵਨ ਵਿਚ ਆਉਣ ਵਾਲੇ ਪਾਤਰਾਂ ਨੂੰ ਪੌੜੀ ਦੀ ਤਰ੍ਹਾਂ ਇਸਤੇਮਾਲ ਕਰਦੀ ਹੈ। ਜਨਕ ਰਾਜ ਉਰਫ਼ ਜੈਕ ਸੁਮਨ ਦਾ ਸਰੀਰਕ ਤੇ ਆਰਥਿਕ ਸ਼ੋਸ਼ਣ ਕਰਦਾ ਹੈ। ਜਦੋਂ 'ਮੈਂ' ਪਾਤਰ ਜਨਕ ਰਾਜ ਨਾਲ ਪੈਸਿਆਂ ਤੋਂ ਬਗ਼ੈਰ ਕੰਮ ਕਰਨਾ ਬੰਦ ਕਰ ਦਿੰਦੀ ਹੈ ਤਾਂ ਉਨ੍ਹਾਂ ਦਾ ਰਿਸ਼ਤਾ ਖਤਮ ਹੋ ਜਾਂਦਾ ਹੈ।

'ਮੁੱਠੀ ਵਿਚ ਕਿਰਦੀ ਰੇਤ' ਕਹਾਣੀ ਦਾ ਵਿਸ਼ਾ ਪ੍ਰਵਾਸ ਦੀਆਂ ਦੁਸ਼ਵਾਰੀਆਂ ਨਾਲ ਸੰਬੰਧਿਤ ਹੈ। ਪੰਜਾਬ ਦੇ ਵਾਸੀ ਸੋਚਦੇ ਹਨ ਕਿ ਕਨੇਡਾ ਜਾ ਕੇ ਉਨ੍ਹਾਂ ਦਾ ਜੀਵਨ ਸੁਖੀ ਹੋ ਜਾਵੇਗਾ। ਪਰਮ ਤੇ ਪਵਿੱਤਰ ਦੋਵੇਂ ਪਤੀ-ਪਤਨੀ ਆਪਣੀ ਜੀਵਨ ਦੀ ਕੀਤੀ ਸਾਰੀ ਕਮਾਈ ਆਪਣੀ ਧੀ 'ਤੇ ਖਰਚ ਕਰਕੇ ਉਹਨੂੰ ਕਨੇਡਾ ਵਿਚ ਪੈਰਾਂ 'ਤੇ ਕਰਦੇ ਹਨ।

ਕਿਰਨ ਦੇ ਪਤੀ ਦੀ ਵਿਆਹ ਮਗਰੋਂ ਮੌਤ ਹੋ ਜਾਂਦੀ ਹੈ। ਕਿਰਨ ਦਾ ਜਗਰੂਪ ਨਾਲ ਦੁਆਰਾ ਵਿਆਹ ਕੀਤਾ ਜਾਂਦਾ ਹੈ। ਲੇਖਕ ਦੱਸਦਾ ਹੈ ਕਿ ਪ੍ਰਵਾਸ ਦਾ ਜੀਵਨ ਸੌਖਾ ਨਹੀਂ ਲੋਕ ਬੇਸਮੈਂਟਾਂ ਵਿਚ ਰਹਿੰਦੇ ਹਨ। ਕਿਰਨ ਦਾ ਦੂਜਾ ਪਤੀ ਜਗਰੂਪ ਪ੍ਰਦੇਸ ਪਹੁੰਚਣ ਲਈ ਕਿਰਨ ਨੂੰ ਮੋਹਰਾ ਬਣਾਉਂਦਾ ਹੈ। ਕਿਰਨ ਦੀ ਕੁੱਝ ਸਮੇਂ ਬਾਅਦ ਮੌਤ ਹੋ ਜਾਂਦੀ ਹੈ, ਇਹ ਮੌਤ ਵੀ ਸ਼ੱਕ ਦੇ ਘੇਰੇ ਵਿਚ ਹੈ। ਕਿਰਨ ਦੀ ਬੇਟੀ ਜਿਸ ਨੂੰ ਪਤੀ-ਪਤਨੀ ਪਾਲ ਕੇ ਵੱਡਾ ਕਰਦੇ ਹਨ, ਉਹਨਾਂ ਨੂੰ ਆਪਣਾ ਸਹਾਰਾ ਲੱਗਦੀ ਹੈ। ਜਗਰੂਪ ਘਰ ਬਾਰ ਆਪਣਾ ਦਾਅ-ਪੇਚ ਲਾ ਕੇ ਹਥਿਆ ਲੈਂਦਾ ਹੈ। ਦੋਹਤੀ ਖੁਸ਼ੀ ਵੀ ਆਪਣੇ ਗੋਰੇ ਦੋਸਤ ਨਾਲ ਚਲੀ ਜਾਂਦੀ ਹੈ। ਜਦੋਂ ਨਾਨਾ-ਨਾਨੀ ਨੂੰ ਉਸ ਦੀ ਲੋੜ ਹੁੰਦੀ ਹੈ ਤਾਂ ਉਹ ਆਖਦੀ ਹੈ,

> *"ਇਫ ਯੂ ਹੈਵ ਪ੍ਰੋਬਲਿਮ ਐਟ ਹੋਮ ਦੈਨ ਯੂ ਕੈਨ ਗੋ ਟੂ ਓਲਡ ਹੋਮ।"*[10]

'ਛਣ-ਛਣ' ਕਹਾਣੀ ਬੁਢਾਪੇ ਵਿਚ ਇੱਕਲਤਾ ਨਾਲ ਜੂਝ ਰਹੇ ਸੋਹਨ ਸਨਕੀ ਦੀ ਕਹਾਣੀ ਹੈ। ਲੇਖਕ ਦੱਸਦਾ ਹੈ ਕਿ ਬੁਢਾਪੇ ਵਿਚ ਵੀ ਮਰਦ ਕਿਸੇ ਔਰਤ ਦਾ ਸਾਥ ਮਾਨਣਾ ਚਾਹੁੰਦਾ ਹੈ ਕਿਉਂਕਿ ਉਸ ਦੀ ਪਤਨੀ ਕੁਛੱਲਿਆਂ ਦਾ ਸਰੀਰ ਬੁੱਢਾ ਹੋ ਕੇ ਢਿਲਕ ਗਿਆ ਹੈ। ਲੇਖਕ ਕਹਾਣੀ ਦੇ ਜਰੀਏ ਦੱਸਦਾ ਹੈ ਕਿ ਮਲਟੀਮੀਡੀਏ ਨਾਲ ਬੇਸ਼ੱਕ ਸੰਸਾਰ ਵਿਚ ਕ੍ਰਾਂਤੀ ਆਈ ਹੈ ਪਰ ਫੇਸਬੁੱਕ ਨੂੰ ਲੋਕ ਜੋਕਾਂ ਵਾਂਗ ਚਿੰਬੜ ਗਏ ਹਨ ਤੇ ਅਜਿਹੀਆਂ ਆਦਤਾਂ ਮੁਸੀਬਤਾਂ ਵੀ ਖੜ੍ਹੀਆਂ ਕਰ ਰਹੀਆਂ ਹਨ।

ਕਹਾਣੀ ਦਾ ਪਾਤਰ ਸੋਹਨ ਆਪਣਾ ਠਰਕ ਭੋਰਨ ਲਈ ਫੇਸਬੁੱਕ 'ਤੇ ਆਪਣੀ ਜੁਆਨੀ ਦੀ ਤਸਵੀਰ ਲਾ ਕੇ ਲੀਜਾ ਅੰਗਰੇਜ਼ ਨਾਲ ਧੋਖਾ ਕਰਦਾ ਹੈ।

ਲੇਖਕ ਨੇ 'ਮੈਂ' ਪਾਤਰ ਦੇ ਬਿਰਤਾਂਤ ਰਾਹੀਂ ਦੱਸਿਆ ਹੈ ਕਿ ਫੌਜ ਵਿਚ ਫੌਜੀਆਂ ਦਾ ਜੀਵਨ ਸੌਖਾ ਨਹੀਂ ਹੁੰਦਾ, 'ਮੈਂ' ਪਾਤਰ ਔਰਤ ਦੇ ਸਾਥ ਲਈ ਫੌਜ ਵਿਚ ਵੀ ਤਰਸਦਾ ਸੀ ਤੇ ਉੱਥੇ ਵੀ ਉਹ ਕਾਮ ਤ੍ਰਿਪਤੀ ਲਈ ਕੋਈ ਨਾ ਕੋਈ ਜੁਗਾੜ ਕਰ ਹੀ ਲੈਂਦਾ ਸੀ। ਇਸ ਕਹਾਣੀ ਵਿਚ ਲੇਖਕ ਸੀਰੀਆ ਦੇ ਯੁੱਧ ਦੇ ਭਿਆਨਕ ਸਿੱਟਿਆਂ ਤੋਂ ਵਾਕਿਫ ਕਰਵਾਉਂਦਾ ਹੈ। ਯੁੱਧਾਂ ਦੇ ਸਮੇਂ ਔਰਤਾਂ ਦੇ ਉਧਾਲੇ ਹੁੰਦੇ ਹਨ ਤੇ ਆਮ ਲੋਕ ਇਨ੍ਹਾਂ ਯੁੱਧਾਂ ਦਾ ਸ਼ਿਕਾਰ ਹੁੰਦੇ ਹਨ।

*"ਕਿਤੇ ਕਿਸੇ ਬੰਦੇ ਦੀ ਲੱਤ ਪਈ ਏ, ਕਿਤੇ ਧੜ ਪਿਆ ਏ, ਕਿਤੇ ਬਾਂਹ ਪਈ ਏ ਕੁੱਝ ਲੋਕ ਦੁਬਕੇ ਹੋਏ ਨੇ, ਲਹੂ ਨਾਲ ਸਾਰਾ ਆਲਾ-ਦੁਆਲਾ ਭਰਿਆ ਪਿਆ ਏ।"*[11]

'ਠੇਡਾ' ਕਹਾਣੀ ਵਿੱਚ ਲੇਖਕ ਨੇ ਦਲਿਤ ਸਮਾਜ ਦੀ ਮੌਜੂਦਾ ਸਥਿਤੀ ਨੂੰ ਪੇਸ਼ ਕੀਤਾ ਹੈ। ਕਹਾਣੀ ਦੇ ਮੁੱਖ ਪਾਤਰ ਚਾਨਣ ਦੇ ਤਿੰਨ ਪੁੱਤਰ ਹਨ ਤੇ ਇਕ ਕੁੜੀ ਮਿੰਦਰੀ ਹੈ। ਚਾਨਣ ਦਾ ਸਾਰਾ ਟੱਬਰ ਵੱਖ-ਵੱਖ ਧਰਮਾਂ ਵਿਚ ਵੰਡਿਆ ਗਿਆ ਹੈ। ਲੇਖਕ ਦੱਸਦਾ ਹੈ ਕਿ ਇਸ ਸਮੇਂ ਪੰਜਾਬ ਦੇ ਦਲਿਤ ਪਰਿਵਾਰਾਂ ਵਿਚ ਇਸਾਈ ਧਰਮ ਆਪਣੇ ਪੱਕੇ ਪੈਰ ਜਮਾ ਰਿਹਾ ਹੈ। ਲੋਕ ਮਸੀਹੀ ਧਰਮ ਅਪਣਾ ਰਹੇ ਹਨ, ਚਾਨਣ ਦਾ ਪੁੱਤ ਸ਼ਾਮ ਸਿੰਘ, ਸਿੱਖ ਬਣ ਗਿਆ ਹੈ, ਨਾਮਾ ਰਾਧਾ ਸੁਆਮੀ ਤੇ ਇਕ ਰਾਮਾ ਹੀ ਅਜਿਹਾ ਹੈ ਜੋ ਪੱਕਾ ਰਵੀਦਾਸੀਆ ਹੈ ਤੇ ਹਰਿ ਦੇ ਨਾਮ ਦਾ ਲਾਕਟ ਪਾ ਕੇ ਆਪਣੇ ਧਰਮ ਵਿਚ ਪੱਕਾ ਹੈ। ਲੇਖਕ ਕਹਾਣੀ ਵਿਚ ਦੱਸਦਾ ਹੈ ਕਿ ਜਦੋਂ ਪਰਿਵਾਰ ਦਾ ਇਕ ਧਰਮ ਵਿਚ ਏਕਾ ਨਾ ਰਹੇ ਤਾਂ ਮਾਪਿਆਂ ਨੂੰ ਔਲਾਦ ਵਲੋਂ ਠੇਡੇ ਹੀ ਮਿਲਦੇ ਹਨ।

*"ਵੱਡੇ ਭਰਾ ਤੋਂ ਲੈ ਕੇ ਥੱਲੇ ਤੱਕ ਸਭ ਨੂੰ ਇਕੋ ਰੱਸੇ ਵਿਚ ਲਪੇਟ ਦਿੰਦਾ ....... ਹੁਣ ਕੀ ਕਰੀਏ ਮਿੰਦਰੀ ਹੈ ਤਾਂ ਆਖਰ ਧੀ ਈ ਨਾ ....... ਸ਼ੈਦ ਉਹ ਵੀ ਪੁੜਾ ਵਿਚਾਲੇ ਪਿਸਦੀ ਹੋਵੇ ...... ਇਕ ਪਾਸੇ ਸਲੀਬ ਏ ....... ਦੂਜੇ ਪਾਸੇ ਹਰਿ ਏ .... ਤੀਜੇ ਪਾਸੇ ਰਾਮ ਸਿਓ ਦੀ ਸਰਦਾਰੀ ਏ ...... ਚੌਥੇ ਪਾਸੇ ਸੰਤਸੰਗੀ ਏ .... ਨੁਕਰੇ ਲੱਗਾ ਓਹਦਾ ਪਿਓ ਏ .....।"*[12]

ਲੇਖਕ ਦਲਿਤ ਚੇਤਨਾ ਦੀ ਗੱਲ ਕਰਦਿਆਂ ਕਹਾਣੀ ਦੇ ਅੰਤ ਵਿਚ ਦੱਸਦਾ ਹੈ ਕਿ ਉਸ ਦੇ ਪਿਓ ਨੇ ਜਦੋਂ ਚੰਮ ਰੰਗਣ ਦਾ ਕੰਮ ਸ਼ੁਰੂ ਕੀਤਾ ਸੀ, ਉਸ ਵੇਲੇ ਵੀ ਦੂਜੀ ਪੱਤੀ ਵਾਲਿਆਂ ਨੇ ਉਹਨੂੰ ਠੇਡੇ ਮਾਰੇ ਸਨ, ਪਰ ਉਹ ਹਾਰਿਆ ਨਹੀਂ, ਉਹ ਆਪਣੀ ਦਲਿਤ ਜਾਤੀ ਵਿਚ ਹੀ ਖੁਦ ਨੂੰ ਉਭਾਰ ਕੇ ਚਾਨਣ ਮਹਿਸੂਸ ਕਰਦਾ ਹੈ।

'ਤ੍ਰੇੜ' ਕਹਾਣੀ ਵਿਚ ਲੇਖਕ ਨੇ ਕੰਮਕਾਜੀ ਕਮਾਊ ਪਤਨੀ ਦੇ ਮਨੋਵਿਗਿਆਨ ਨੂੰ ਪੇਸ਼ ਕੀਤਾ ਹੈ। ਹੁਣ ਸਮਾਜ ਦੇ ਸਮੀਕਰਨ ਬਦਲ ਰਹੇ ਹਨ, ਪੜ੍ਹੀ-ਲਿਖੀ ਕਮਾਊ ਪਤਨੀ ਮੋਨਿਕਾ ਦਾ ਪਤੀ ਉਸ ਨਾਲ ਪਿਆਰ ਨਾ ਕਰਕੇ ਉਸ ਦੁਆਰਾ ਕੀਤੀ ਗਈ ਕਮਾਈ ਅਤੇ ਏ.ਟੀ.ਐਮ ਨੂੰ ਪਿਆਰ ਕਰਦਾ ਹੈ ਤੇ ਉਸ ਦੇ ਪੈਸਿਆਂ ਤੇ ਆਪਣਾ ਹੱਕ ਸਮਝਦਾ ਹੈ।

*"ਉਸ ਰਾਤ ਮੰਗੀ ਮੇਰੇ ਨਾਲ ਹੱਥੋਂ ਪਾਈ ਉੱਤੇ ਉੱਤਰ ਆਇਆ। ਉਹਨੇ ਮੇਰਾ ਏ.ਟੀ. ਐਮ ਕਾਰਡ ਖੋਹ ਲਿਆ। ਪਿਛਲੇ ਮਹੀਨੇ ਵੀ ਉਸਨੇ ਮੇਰੀ ਸਾਰੀ ਤਨਖਾਹ ਪਤਾ ਨੀ ਕਿਹੜੇ ਖੂਹ ਖਾਤੇ ਪਾ ਦਿੱਤੀ।"*[13]

ਇਸ ਕਹਾਣੀ ਬਾਰੇ ਡਾ. ਗੁਰਮੇਲ ਸਿੰਘ ਲਿਖਦੇ ਹਨ,

*"ਇਹ ਕਹਾਣੀ ਵੀ ਸਮਕਾਲ ਵਿਚ ਪੈਦਾ ਹੋ ਰਹੇ ਮਸਲਿਆਂ ਨੂੰ ਉਭਾਰਦੀ ਹੈ। ਅੱਜ ਦਾ ਯੁੱਗ ਪੈਸੇ ਦਾ ਯੁੱਗ ਹੈ। ਸਾਡਾ ਜੀਵਨ ਨਿਰਬਾਹ ਪੈਸੇ ਤੇ ਆ ਖੜ੍ਹਾ ਹੋ ਗਿਆ ਹੈ।"*[14]

ਮੋਨਿਕਾ ਦਾ ਪਤੀ ਮੰਗੀ ਉਸ ਨਾਲ ਝੂਠ ਬੋਲ ਕੇ ਵਿਆਹ ਕਰਵਾ ਲੈਂਦਾ ਹੈ। ਬੇਰੋਜ਼ਗਾਰ ਪਤੀ ਪਤਨੀ ਕੋਲੋਂ ਪੈਸਿਆਂ ਦੀ ਮੰਗ ਕਰਦਾ ਹੈ, ਪੈਸਿਆਂ ਦੀ ਲੜਾਈ ਤਲਾਕ ਤੱਕ ਵਧ ਜਾਂਦੀ ਹੈ, ਅਵਤਾਰ ਨੂਰਪੁਰੀਆਂ ਰਾਜਨੀਤਿਕ ਬੰਦਾ ਹੈ, ਮੋਨਿਕਾ ਮੰਗੀ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ, ਅਵਤਾਰ ਆਪਣੇ ਰੁਤਬੇ ਦਾ ਇਸਤੇਮਾਲ ਕਰਕੇ ਮੋਨਿਕਾ ਨੂੰ ਮੰਗੀ ਤੋਂ ਤਲਾਕ ਦੁਆ ਦਿੰਦਾ ਹੈ। ਲੇਖਕ ਕਹਾਣੀ ਵਿਚ ਇਸ਼ਾਰਾ ਕਰਦਾ ਹੈ ਕਿ ਕੋਟ ਕਚਹਿਰੀਆਂ ਦੇ ਕੰਮ ਪੋਲੀਟੀਸ਼ਨਾਂ ਦੀ ਮੱਦਦ ਤੋਂ ਬਗ਼ੈਰ ਨਹੀਂ ਹੁੰਦੇ।

ਅੱਜ ਰਿਸ਼ਤਿਆਂ ਦੇ ਸਮੀਕਰਨ ਬਦਲ ਰਹੇ ਹਨ, ਦੈਹਿਕ ਲੋੜਾਂ ਦੀ ਪੂਰਤੀ ਲਈ ਵਿਸ਼ਾਲ ਵੀ ਮੋਨਿਕਾ ਨਾਲ ਲਿਵ ਇਨ ਰਿਲੇਸ਼ਨ ਵਿਚ ਰਹਿਣਾ ਚਾਹੁੰਦਾ ਹੈ। ਅਖੀਰ ਵਿਚ ਮੋਨਿਕਾ ਨੂੰ ਸਮਝ ਆ ਜਾਂਦੀ ਹੈ, ਲਿਵ ਇਨ ਰਿਲੇਸ਼ਨ ਵਿਚ ਰਹਿਣ ਨਾਲੋਂ ਅਵਤਾਰ ਨਾਲ ਰਹਿਣਾ ਹੀ ਉਸ ਲਈ ਜਿਆਦਾ ਸੁਰੱਖਿਅਤ ਹੈ।

ਭਗਵੰਤ ਰਸੂਲਪੁਰੀ ਦੁਆਰਾ ਰਚਿਤ 'ਡਲਿਵਰੀ ਮੈਨ' ਕਹਾਣੀ ਸੰਗ੍ਰਹਿ ਮੌਜੂਦਾ ਦੌਰ ਦੀ ਨੱਠ-ਭੱਜ ਭਰੀ ਜ਼ਿੰਦਗੀ ਉੱਤੇ ਕਟਾਖ਼ਸ਼ ਕਰ ਰਿਹਾ ਹੈ। ਅੱਜ ਹਰ ਰਿਸ਼ਤਾ, ਸਵਾਰਥ ਭਰਿਆ ਰਿਸ਼ਤਾ ਹੈ। ਇਕ ਦੂਜੇ ਨੂੰ ਟਿਸ਼ੂ ਪੇਪਰ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ, ਜਦੋਂ ਗਰਜ਼ ਪੂਰੀ ਹੋ ਜਾਂਦੀ ਹੈ ਤਾਂ ਰਿਸ਼ਤਿਆਂ ਨੂੰ ਵਗਾਹ ਕੇ ਮਾਰਿਆ ਜਾਂਦਾ ਹੈ।

ਰਿਸ਼ਤਿਆਂ ਉੱਤੇ ਆਰਥਿਕਤਾ ਭਾਰੂ ਹੋ ਰਹੀ ਹੈ, ਪਾਤਰ ਅੰਦਰੋਂ ਟੁੱਟੇ

ਅਤੇ ਬਿੱਖਰੇ ਹੋਏ ਹਨ। ਕੁੱਝ ਕਹਾਣੀਆਂ ਪੜ੍ਹ ਕੇ ਲੱਗਦਾ ਸੀ ਭਗਵੰਤ ਰਸੂਲਪੁਰੀ ਦਲਿਤ ਮਾਨਸਿਕਤਾ ਦੀ ਗੱਲ ਨਹੀਂ ਕਰੇਗਾ ਪਰ ਇਹ ਵਿਚਾਰਧਾਰਾ ਇਸ ਕਹਾਣੀ ਸੰਗ੍ਰਹਿ ਵਿਚ ਵੀ ਝਲਕਦੀ ਹੈ। ਇਸ ਕਹਾਣੀ ਸੰਗ੍ਰਹਿ ਵਿਚ ਪੇਸ਼ ਪਾਤਰਾਂ ਦਾ ਮਨੋਵਿਗਿਆਨ ਮੌਜੂਦਾ ਸਮਾਜ ਵਿਚ ਖੰਡਿਤ ਹੋਏ ਪਾਤਰਾਂ ਦੀ ਪ੍ਰਤੀਨਿਧਤਾ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਭਗਵੰਤ ਰਸੂਲਪੁਰੀ, ਡਲਿਵਰੀ ਮੈਨ, ਵਾਈਟ ਕਰੋਅ ਪਬਲਿਸ਼ਰਜ਼, ਮਾਨਸਾ, ਪੰਨਾ:42
2. ਕੁਲਦੀਪ ਸਿੰਘ ਬੇਦੀ, ਪੰਜਾਬੀ ਜਾਗਰਣ, ਜਲੰਧਰ, ਮਿਤੀ 01-12-2024
3. ਭਗਵੰਤ ਰਸੂਲਪੁਰੀ, ਡਲਿਵਰੀ ਮੈਨ, ਵਾਈਟ ਕਰੋਅ ਪਬਲਿਸ਼ਰਜ਼, ਮਾਨਸਾ, ਪੰਨਾ:43
4. ਨਿਰੰਜਣ ਬੋਹਾ, ਚਿਰਾਗ਼-ਅੰਕ 125, ਪੰਨਾ:68
5. ਭਗਵੰਤ ਰਸੂਲਪੁਰੀ, ਡਲਿਵਰੀ ਮੈਨ, ਵਾਈਟ ਕਰੋਅ ਪਬਲਿਸ਼ਰਜ਼, ਮਾਨਸਾ, ਪੰਨਾ:37
6. ਉਹੀ, ਪੰਨਾ:32
7. ਡਾ. ਗੁਰਮੇਲ ਸਿੰਘ, ਕਹਾਣੀਧਾਰਾ ਅੰਕ - 75, ਪੰਨਾ:148
8. ਭਗਵੰਤ ਰਸੂਲਪੁਰੀ, ਡਲਿਵਰੀ ਮੈਨ, ਵਾਈਟ ਕਰੋਅ ਪਬਲਿਸ਼ਰਜ਼, ਮਾਨਸਾ, ਪੰਨਾ:53
9. -ਉਹੀ-, ਪੰਨਾ:90
10. -ਉਹੀ-, ਪੰਨਾ:136
11. -ਉਹੀ-, ਪੰਨਾ:152
12. -ਉਹੀ-, ਪੰਨਾ:170
13. -ਉਹੀ-, ਪੰਨਾ:174
14. ਡਾ. ਗੁਰਮੇਲ ਸਿੰਘ, ਕਹਾਣੀ ਧਾਰਾ- ਅੰਕ 75, ਪੰਨਾ:155